**HARI CHAND**

**ADVOCATE**

ਹਰੀ ਚੰਦ

ਵਕੀਲ

**PUNJAB & HARYANA HIGH COURT**

ਪੰਜਾਬ ਅਤੇ ਹਰਿਆਣਾ ਹਾਈ ਕੋਰਟ

H. NO. 2299,
SECTOR 44-C, CHANDIGARH-160045

ਮੋਬਾਈਲ: 9814013764

**EMAIL ID** : ਈ ਮੇਲ ਆਈ ਡੀ

hcarora.highcourt@gmail.com

**ਮਕਾਨ ਨੰਬਰ -2299**

**ਸੈਕਟਰ 44- ਸੀ**

ਚੰਡੀਗੜ੍ਹ 160045

DATED: 1.4.2019

ਵੱਲ:

ਸਤਿਕਾਰ ਯੋਗ ਮੁਖ ਮੰਤਰੀ ਸਾਹਿਬ,
ਪੰਜਾਬ ਸਰਕਾਰ, ਚੰਡੀਗੜ੍ਹ.

ਮੰਗ ਪੱਤਰ-ਵਰਦੀ-ਘੁਟਾਲੇ ਦੀ ਉੱਚ ਪੱਧਰੀ ਜਾਂਚ ਲਈ
ਈ-ਮੇਲ ਰਾਹੀਂ !

ਸ਼ਿਰੀ ਮਾਨ ਜੀ:

ਚਿਰਾਂ ਤੋਂ ਚੱਲੀ ਆ ਰਹੀ ਸਕੂਲ ਪ੍ਰਬੰਧਕ ਕਮੇਟੀਆਂ ਰਾਹੀਂ ਸਕੂਲਾਂ ਦੇ ਬੱਚਿਆਂ ਨੂੰ ਵਰਦੀਆਂ ਖਰੀਦ ਕੇ ਵੰਡਣ ਦੀ ਪ੍ਰਥਾ ਨੂੰ ਅਚਾਨਕ ਤਿਲਾਂਜਲੀ ਦਿੰਦੇ ਹੋਏ ਇਸ ਸਾਲ ਵਿਦਿਆ ਵਿਭਾਗ ਨੇ ਰਾਜ ਪੱਧਰ ਤੇ ਟੈਂਡਰ ਜਾਰੀ ਕਰ ਕੇ ਵਰਦੀਆਂ ਖਰੀਦ ਕੇ ਵਿਦਿਆਰਥੀਆਂ ਨੂੰ ਵੰਡਣ ਦਾ ਫੈਸਲਾ ਕੀਤਾ ਸੀ ! ਨਤੀਜਾ ਇਹ ਹੋਇਆ ਕਿ ਬੱਚਿਆਂ ਨੂੰ ਸਰਦੀਆਂ ਦੀਆਂ ਵਰਦੀਆਂ ਹੁਣ ਸਾਰੀ ਸਰਦੀ ਬੀਤ ਜਾਣ ਤੇ ਹੁਣ ਮਿਲ ਰਹੀਆਂ ਹਨ ! ਵਰਦੀਆਂ ਦਾ ਆਰਡਰ ਦੇਣ ਤੋਂ ਪਹਿਲਾਂ ਵਿਦਿਆਰਥੀਆਂ ਦੇ ਨਾਪ ਵੀ ਨਹੀਂ ਲਏ ਗਏ ; ਨਤੀਜਾ ਇਹ ਹੋਇਆ ਹੈ ਕਿ "ਵਰਦੀ ਕਿਸੇ ਦੀ, ਨਾਪ ਕਿਸੇ ਦਾ" ਇਕ ਨਵਾਂ ਮੁਹਾਵਰਾ ਬਣ ਕੇ ਸਕੂਲਾਂ ਵਿਚ ਉੱਭਰਿਆ ਹੈ ! ਵਰਦੀਆਂ ਦੇ ਰੰਗ ਵੀ ਨਮੂਨਿਆਂ ਨਾਲ ਮੇਲ ਖਾਂਦੇ ਨਜ਼ਰ ਨਹੀਂ ਆਓਂਦੇ ! ਕੁਝ ਤਸਵੀਰਾਂ ਇਸ ਮੰਗ ਪੱਤਰ ਦੇ ਨਾਲ ਭੇਜ ਰਿਹਾ ਹਾਂ, ਤਾਂ ਕਿ ਤੁਸੀਂ ਸਾਰੇ ਘਪਲੇ ਦੀ ਗੰਭੀਰਤਾ ਨੂੰ ਸਮਝ ਸਕੋ ! ਸਿਖਿਆ ਸਕੱਤਰ ਜੀ ਵੱਲੋਂ ਕੀਤਾ ਗਿਆ ਤਜ਼ਰਬਾ ਫਲਾਪ ਹੋਇਆ ਹੈ ! ਸਾਰਾ ਘਪਲਾ ਜਾਂਚ ਦੀ ਮੰਗ ਕਰਦਾ ਹੈ ! ਕਿਓਂਕੇ ਰਾਜ ਪੱਧਰ ਤੇ ਵਰਦੀਆਂ ਖਰੀਦਣ ਦਾ ਫੈਸਲਾ ਉੱਚ ਪੱਧਰ ਦੇ ਅਧਿਕਾਰੀਆਂ ਵਲੋਂ ਲਿਆ ਗਿਆ ਸੀ, ਇਸ ਲਈ ਸੰਬੰਧਿਤ ਅਫਸਰਾਂ ਦੀ ਜ਼ਿਮੇਵਾਰੀ ਤਹਿ ਕਰ ਕੇ ਉਹਨਾਂ ਨੂੰ ਸਜ਼ਾ ਦੇਣੀ ਬਣਦੀ ਹੈ ! ਇਸ ਅਚਾਨਕ ਕੀਤੇ ਫੈਸਲੇ ਵਿਚ ਕੋਈ ਆਰਥਕ ਗੜਬੜੀ ਹੋਈ ਹੈ, ਜਾਂ ਨਹੀਂ, ਇਸ ਪੱਖੋਂ ਵੀ ਜਾਂਚ ਕਰਣ ਦੀ ਜ਼ਰੂਰਤ ਹੈ !

ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਮੈਂ ਆਪ ਜੀ ਤੋਂ ਪੁਰਜ਼ੋਰ ਮੰਗ ਕਰਦਾ ਹਾਂ ਕਿ ਇਸ ਸਾਰੇ ਘਪਲੇ ਦੀ ਉੱਚ ਪੱਧਰੀ ਜਾਂਚ ਕਾਰਵਾਈ ਜਾਵੇ, ਅਤੇ ਦੋਸ਼ੀਆਂ ਦੇ ਵਿਰੁੱਧ ਅਪਰਾਧਿਕ ਮੁਕੱਦਮੇਂ ਦਾਇਰ ਕੀਤੇ ਜਾਣ !

ਉਚਿਤ ਫੈਸਲੇ ਦੀ ਉਡੀਕ ਵਿਚ,

(ਹਰੀ ਚੰਦ)
ਵਕੀਲ

ਨੱਥੀ: ਬੇ-ਮੇਚ  ਅਤੇ ਬਦਰੰਗ ਵਰਦੀਆਂ ਦੀਆਂ ਕੁਝ ਤਸਵੀਰਾਂ